ਦਫਤਰ ਜਿਲਾ ਮੈਜਿਸਟਰੇਟ, ਜਲੰਧਰ
Office of the District Magistrate
Jalandhar (Punjab)

No. ........................
Date ......................

Phone :0181-2224783(O)
:0181-2459664(R)
Fax: :0181-2224727
Email: dc.jal@punjabmail.gov.in

## ਹੁਕਮ-

ਕੋਵਿਡ-19 (ਕੋਰੋਨਾ ਵਾਇਰਸ) ਦੀ ਬੀਮਾਰੀ ਵਿਸ਼ਵ ਭਰ ਵਿੱਚ ਫੈਲੀ ਹੋਈ ਹੈ। ਜਿਸ ਨੂੰ ਸਰਕਾਰ ਵੱਲੋਂ ਵੀ ਮਹਾਂਮਾਰੀ ਬੀਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਇਸ ਨੇ ਆਪਣੇ ਪੈਰ ਭਾਰਤ ਵਿੱਚ ਵੀ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਜਿਸ ਦੀ ਰੋਕਥਾਮ ਕਰਨੀ ਬਹੁਤ ਜਰੂਰੀ ਹੋ ਚੁੱਕੀ ਹੈ। ਇਸ ਸਬੰਧੀ ਇਸ ਦਫਤਰ ਦੇ ਪੱਤਰ ਨੰ. 3062-85 /ਐਮ.ਸੀ.4/ਐਮ.ਏ ਮਿਤੀ 23.03.2020 ਰਾਂਹੀ ਜਿਲ੍ਹਾ ਜਲੰਧਰ ਵਿੱਚ ਕਰਫਿਊ ਲਾਗੂ ਕਰਨ ਸਬੰਧੀ ਹੁਕਮ ਵੀ ਜਾਰੀ ਕੀਤੇ ਗਏ ਹਨ।

ਸਿਹਤ ਵਿਭਾਗ ਭਾਵੇਂ ਕਿ ਸਾਰੇ ਕੋਵਿਡ-19 ਦੇ ਮਰੀਜਾਂ ਨੂੰ ਬਚਾਉਣ ਦੀ ਪੁਰਜੋਰ ਕੋਸ਼ਿਸ਼ ਕਰ ਰਿਹਾ ਹੈ ਪਰੰਤੂ ਕੁਦਰਤ ਦੇ ਅਟੱਲ ਨਿਯਮ ਅਨੁਸਾਰ ਕੁੱਝ ਕੇਸਾਂ ਵਿਚ ਮੌਤ ਨੂੰ ਟਾਲਿਆ ਨਹੀਂ ਜਾ ਸਕਦਾ। ਕਿਸੇ ਵੀ ਮਰੀਜ ਦੀ ਕੋਵਿਡ-19 ਨਾਲ ਮੌਤ ਹੋਣ ਤੋਂ ਬਾਅਦ ਪਹਿਲਾ ਇਨਸਾਨੀ ਹੱਕ ਇਹ ਬਣਦਾ ਹੈ ਕਿ ਮ੍ਰਿਤਕ ਦੇਹ ਦਾ ਪੂਰੇ ਮਾਣ ਸਨਮਾਨ ਨਾਲ ਅਤੇ ਵਿਅਕਤੀ ਦੇ ਧਾਰਮਿਕ ਅਕੀਦੇ ਦੇ ਅਨੁਸਾਰ ਅੰਤਿਮ ਸੰਸਕਾਰ ਜਾਂ ਦਫਨਾਉਣ ਦੀ ਰਸਮ ਅਦਾ ਕੀਤੀ ਜਾਵੇ। ਕਿਸੇ ਵੀ ਸੱਭਿਅਕ ਸਮਾਜ ਦੀ ਇਹ ਇਖਲਾਕੀ ਜਿਮੇਵਾਰੀ ਬਣਦੀ ਹੈ ਕਿ ਮ੍ਰਿਤਕ ਦੇਹ ਨੂੰ ਭਾਵੇਂ ਕਿ ਉਹ ਕੋਵਿਡ-19 ਗ੍ਰਸਿਤ ਵਿਅਕਤੀ ਦੀ ਹੋਵੇ ਜਾਂ ਕਿਸੇ ਹੋਰ ਇਨਸਾਨ ਦੀ ਉਸਨੂੰ ਪੂਰਾ ਮਾਣ ਸਨਮਾਨ ਦਿੱਤਾ ਜਾਵੇ। ਇਨਾਂ ਵਿਸ਼ੇਸ ਹਾਲਾਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਹੁਕਮ ਪਾਸ ਕਰਨਾ ਲਾਜ਼ਮੀ ਹੋ ਗਿਆ ਹੈ। ਕਰੋਨਾ ਵਾਈਰਸ ਨਾਲ ਪੀੜਤ ਮ੍ਰਿਤਕ ਦੀ ਦੇਹ ਦਾ ਸਸੰਕਾਰ ਕਰਨ ਲਈ ਭਾਰਤ ਸਰਕਾਰ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰਾਲਾ, ਨਵੀਂ ਦਿਲੀ ਵਲੋਂ ਜਾਰੀ COVID-19: Guidelines on Dead Body Management, ਪੰਜਾਬ ਸਰਕਾਰ ਦੇ ਸਿਹਤ ਤੇ ਪਰਿਵਾਰ ਭਲਾਈ, ਵਿਭਾਗ ਦੇ ਪੱਤਰ ਨੰ. IDSP/NHM/PB/20/2123-88 ਮਿਤੀ- 05.04.2020 ਅਤੇ ਪੰਜਾਬ ਪੁਲਿਸ ਰੂਲਜ- 1929 ਦੇ ਸਬ ਪੈਰਾ (6) ਪੈਰਾ 25:36 ਨੂੰ ਮੁੱਖ ਰੱਖਦੇ ਹੋਏ, ਕਰੋਨਾ ਵਾਈਰਸ ਪੀੜ੍ਹਤਾਂ ਦੀ ਮੋਤ ਹੋ ਜਾਣ ਦੀ ਸੂਰਤ ਵਿੱਚ ਉਸ ਦੀ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ ਕਰਨ ਲਈ ਹੇਠ ਲਿਖੇ ਅਨੁਸਾਰ ਹਦਾਇਤਾਂ/ਗਾਈਡਲਾਈਨਜ ਜਾਰੀ ਕੀਤੀਆਂ ਜਾਂਦੀਆਂ ਹਨ:-

1. ਇਹ ਕਿ ਕਰੋਨਾ ਵਾਈਰਸ ਪੀੜ੍ਹਤ ਵਿਅਕਤੀ ਦੀ ਮੋਤ ਹੋਣ ਜਾਣ ਉਪਰੰਤ ਮ੍ਰਿਤਕ ਦੀ ਦੇਹ ਪਰਿਵਾਰ ਦੇ ਮੈਂਬਰਾਂ ਵੱਲੋਂ ਹੀ ਸਬੰਧਤ ਹਸਪਤਾਲ ਤੋਂ ਪ੍ਰਾਪਤ ਕੀਤੀ ਜਾਵੇਗੀ ਅਤੇ ਸ਼ਮਸ਼ਾਨ ਘਾਟ ਵਿੱਚ ਅੰਤਮ ਸਸਕਾਰ ਪਰਿਵਾਰ ਵੱਲੋਂ ਉਪਰੋਕਤ ਵਿੱਚ ਦਰਸਾਈਆਂ ਸਰਕਾਰ ਦੀਆਂ ਗਾਈਡਲਾਈਨਜ/ਹਦਾਇਤਾਂ ਮੁਤਾਬਕ ਸਰਕਾਰੀ ਗਠਿਤ ਕਮੇਟੀ ਦੀ ਹਾਜਰੀ ਵਿੱਚ ਕਰਨਾ ਲਾਜਮੀ ਹੋਵੇਗਾ।
2. ਇਹ ਕਿ ਜੇਕਰ ਮ੍ਰਿਤਕ ਦੇ ਪਰਿਵਾਰ ਦਾ ਮੈਂਬਰ ਉਸ ਦੀ ਲਾਸ਼ ਸਸੰਕਾਰ ਕਰਨ ਲਈ ਲੈਣ ਤੋਂ ਇਨਕਾਰ ਕਰਦਾ ਹੈ ਤਾਂ ਅਜਿਹੀ ਸਥਿਤੀ ਵਿੱਚ ਸਬੰਧਤ ਹਸਪਤਾਲ ਦੇ ਡਾਕਟਰ/ਮੈਡੀਕਲ ਸੁਪਰਡੰਟ ਵੱਲੋਂ ਇਸ ਬਾਰੇ ਸਬੰਧਤ ਥਾਣੇ ਦੇ ਮੁੱਖ ਥਾਣਾ ਅਫਸਰ ਨੂੰ ਲਿਖਤੀ ਸੂਚਨਾ ਭੇਜੀ ਜਾਵੇਗੀ।
3. ਇਹ ਕਿ ਸਬੰਧਤ ਡਾਕਟਰ/ਮੈਡੀਕਲ ਸੁਪਰਡੰਟ ਵੱਲੋਂ ਸੂਚਨਾ ਮਿਲਣ ਉਪਰਤ ਸਬੰਧਤ ਥਾਣੇ ਦਾ ਮੁੱਖੀ ਜਾਂ ਉਸ ਵੱਲੋਂ ਨਿਯੁਕਤ ਕੀਤੇ ਗਿਆ ਥਾਣੇਦਾਰ, ਤੁਰੰਤ ਪੰਜਾਬ ਪੁਲਿਸ ਰੂਲਜ਼ 1929 ਦੇ ਸਬ ਪੈਰਾ (6) ਪੈਰਾ 25:36 ਨੂੰ ਮੁੱਖ ਰੱਖਦੇ ਹੋਏ, ਪੜਤਾਲ/ਲੋੜੀਂਦੀ ਕਾਰਵਾਈ ਕਰਨ ਉਪਰੰਤ ਜੇਕਰ ਪਾਇਆ ਜਾਦਾ ਹੈ ਕਿ ਮ੍ਰਿਤਕ ਦਾ ਕੋਈ ਵੀ ਪਰਿਵਾਰਕ ਮੈਂਬਰਾਂ ਜਾ ਮਿੱਤਰ, ਮ੍ਰਿਤਕ ਦੀ ਦੇਹ ਲੈਣ ਨੂੰ ਤਿਆਰ ਨਹੀਂ ਹਨ ਤਾਂ ਉਹ ਇਸ ਮ੍ਰਿਤਕ ਨੂੰ Unclaimed Dead Body ਤਸਵਰ ਕਰਦੇ ਹੋਏ, ਮ੍ਰਿਤਕ ਦੀ ਲਾਸ਼ ਦਾ ਸੰਸਕਾਰ ਕਰਵਾਉਣ ਲਈ ਕਾਰਵਾਈ ਆਰੰਭ ਕਰੇਗਾ।
4. ਇਹ ਕਿ ਸਬੰਧਤ ਉਪ ਮੰਡਲ ਮੈਜਿਸਟਰੇਟ ਆਪਣੇ ਵਲੋਂ ਇਸ ਮੰਤਵ ਲਈ ਕਾਰਕਾਰੀ ਮੈਜਿਸਟਰੇਟ ਨੂੰ ਤੁਰੰਤ ਡਿਊਟੀ ਮੈਜਿਸਟਰੇਟ ਨਿਯੁਕਤ ਕਰੇਗਾ ਜੋ ਪੁਲਿਸ ਤੇ ਸਿਹਤ ਵਿਭਾਗ ਅਤੇ ਨਗਰ ਨਿਗਮ/ਨਗਰ ਕਾਉਂਸਲ/ਗ੍ਰਾਮ ਪੰਚਾਇਤ ਵਲੋਂ ਗਠਿਤ ਕੀਤੀ ਗਈ ਟੀਮ ਨਾਲ ਤਾਲਮੇਲ ਕਰਕੇ ਪੰਜਾਬ ਸਰਕਾਰ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਪੱਤਰ ਨੰ. IDSP/NHM/PB/B/2123-88 ਮਿਤੀ- 05.04.2020 ਵਿੱਚ ਦਰਸਾਇਆਂ ਹਦਾਇਤਾਂ ਅਤੇ ਭਾਰਤ ਸਰਕਾਰ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰਾਲਾ, ਨਵੀ ਦਿੱਲੀ ਵਲੋਂ ਜਾਰੀ ਕੋਵਿਡ-19 Guidelines on Dead Body Management ਵਿੱਚ ਦਰਸਾਈਆਂ ਗਾਇਡਲਾਇਨਜ ਨੂੰ ਮੁੱਖ ਰਖਦੇ ਹੋਏ, ਮ੍ਰਿਤਕ ਦਾ ਇਹ ਸੰਸਕਾਰ ਆਪਣੀ ਹਾਜਰੀ ਵਿੱਚ ਕਰਵਾਏਗਾ।
5. ਇਹ ਕਿ ਮ੍ਰਿਤਕ ਦਾ ਦੇਹ ਸੰਸਕਾਰ ਕਰਨ ਤੋਂ ਪਹਿਲਾਂ ਸਬੰਧਤ ਡਿਊਟੀ ਮੈਜਿਸਟਰੇਟ ਅਤੇ ਮੁੱਖ ਥਾਣਾ ਅਫਸਰ ਸਾਂਝੇ ਤੋਰ ਉਪਰ ਆਪਣੇ ਵਲੋਂ ਮ੍ਰਿਤਕ ਦੇ ਪਰਿਵਾਰ ਨੂੰ ਇਸ ਗੱਲ ਲਈ ਜਰੂਰ ਪ੍ਰੇਰਿਤ ਕਰਨਗੇ ਕਿ ਘੱਟ ਤੋਂ ਘੱਟ ਸੰਭਵ ਸੰਖਿਆ ਵਿਚ ਪਰਿਵਾਰ ਦੇ ਮੈਂਬਰ ਮ੍ਰਿਤਕ ਦੇ ਅੰਤਿਮ ਸੰਸਕਾਰ ਵਿੱਚ ਹਾਜਰ ਹੋਕੇ ਅੰਤਿਮ ਰਸਮਾਂ ਨਿਭਾਉਣ।
6. ਕਰੋਨਾ ਵਾਇਰਸ ਪੀੜੀਤ ਮ੍ਰਿਤਕ ਦੀ ਲਾਸ਼ ਦਾ ਸੰਸਕਾਰ ਕਰਨ ਲਈ ਹੇਠ ਲਿਖੇ ਅਨੁਸਾਰ ਕਮੇਟੀ ਗਠਿਤ ਕੀਤੀ ਜਾਂਦਾ ਹੈ:-
   a. ਡਿਊਟੀ ਮੈਜਿਸਟਰੇਟ ਜੋ ਸਬੰਧਤ ਉਪ ਮੰਡਲ ਮੈਜਿਸਟਰੇਟ ਵਲੋਂ ਤੈਨਾਤ ਕੀਤਾ ਜਾਵੇਗਾ।
   b. ਸਬੰਧਤ ਥਾਣੇ ਦਾ ਮੁੱਖ ਥਾਣਾ ਅਫਸਰ ਜਾਂ ਉਸ ਵਲੋਂ ਅਧਿਕਾਰਤ ਕੀਤਾ ਥਾਣੇਦਾਰ।
   c. ਨਗਰ ਨਿਗਮ/ਨਗਰ ਪੰਚਾਇਤ/ਗ੍ਰਾਮ ਪੰਚਾਇਤ ਵਲੋਂ ਗਠਿਤ ਕੀਤੀ ਕਮੇਟੀ ਦੇ ਸਮੂਹ ਮੈਂਬਰ।
   d. ਸੰਬਧਤ ਸ਼ਮਸ਼ਾਨ ਘਾਟ ਦਾ ਉਹ ਕਰਮਚਾਰੀ ਜੋ ਮ੍ਰਿਤਕ ਦੇਹ ਦਾ ਸੰਸਕਾਰ ਕਰਵਾਉਂਦਾ ਹੈ।
   e. ਪਰਿਵਾਰ ਦੀ ਇੱਛਾ ਮੁਤਾਬਿਕ ਸਬੰਧਤ ਪਰਿਵਾਰ ਦਾ ਉਹ ਮੈਂਬਰ ਜਿਨ੍ਹਾਂ ਨੇ ਮ੍ਰਿਤਕ ਦੇਹ ਨੂੰ ਅਗਨੀ ਭੇਂਟ ਕਰਨੀ ਹੋਵੇ।
   f. ਪੰਜਾਬ ਸਰਕਾਰ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਪੱਤਰ ਨੰ. IDSP/NHM/PB/B/2123-88 ਮਿਤੀ- 05.04.2020 ਦੇ ਪੈਰਾ 8 ਅਨੁਸਾਰ ਸਿਹਤ ਵਿਭਾਗ ਦਾ ਨੁਮਾਇੰਦਾ।

No. ..........................

Date ........................

Phone :0181-2224783(O)
:0181-2459664(R)
Fax: :0181-2224727
Email: dc.jal@punjabmail.gov.in

7. ਇਹ ਕਿ ਉਕਤ ਗਠਿਤ ਟੀਮ ਇਸ ਗੱਲ ਦਾ ਪੂਰਾ ਖਿਆਲ ਰਖੇਗੀ ਕਿ ਇਹ ਸੰਸਕਾਰ ਮ੍ਰਿਤਕ ਦੇ ਪਰਿਵਾਰ ਦੀਆਂ ਪਹਿਲਾਂ ਤੋਂ ਚਲੀਆਂ ਆ ਰਹੀਆਂ ਰੀਤੀ ਰਿਵਾਜਾ ਮੁਤਾਬਿਕ ਜੋ ਕੇਵਲ ਸ਼ਮਸ਼ਾਨ ਘਾਟ ਵਿਚ ਚਲਦੀਆਂ ਹਨ, ਉਪਰੋਕਤ ਪੈਰਾ ਨੰ. 4 ਵਿੱਚ ਦਰਜ ਸਰਕਾਰ ਦੀਆਂ ਹਦਾਇਤਾਂ/ਗਾਇਡਲਾਈਨਜ ਮੁਤਾਬਿਕ ਕੀਤਾ ਜਾਵੇਗਾ।
8. ਸਿਵਲ ਸਰਜਨ, ਜਲੰਧਰ ਮ੍ਰਿਤਕ ਦੇਹ ਦਾ ਸੰਸਕਾਰ ਕਰਨ ਲਈ ਟੀਮ ਦੇ ਸਮੂਹ ਮੈਂਬਰਾ ਨੂੰ ਲੋੜ ਅਨੁਸਾਰ Protective Gear ਸਪਲਾਈ ਕਰਨਗੇ।
9. ਇਹ ਕਿ ਸਬੰਧਤ ਹਸਪਤਾਲ ਦਾ ਡਾਕਟਰ/ਮੈਡੀਕਰ ਸੁਪਰਡੰਟ ਮ੍ਰਿਤਕ ਦੀ ਦੇਹ ਨੂੰ ਵਿਸ਼ੇਸ ਐਂਬੂਲੈਂਸ ਰਾਹੀਂ ਉਪਰੋਕਤ ਪੈਰੇ ਵਿੱਚ ਵਰਨਣ ਹਦਾਇਤ/ਗਾਇਡਲਾਈਨਜ ਨੂੰ ਮੁੱਖ ਰਖਦੇ ਹੋਏ, ਪ੍ਰੋਟੋਕਾਲ ਮੁਤਾਬਿਕ ਲਾਸ਼ ਨੂੰ ਜਿਲਾ ਪ੍ਰਸ਼ਾਸਨ ਵਲੋਂ ਇਸ ਮੰਤਵ ਲਈ ਨਿਰਧਾਰਤ ਕੀਤੇ ਗਏ ਸ਼ਮਸ਼ਾਨ ਘਾਟ ਵਿੱਚ ਪਹੁੰਚਾਉਣ ਲਈ ਜਿਮੇਵਾਰ ਹੋਵੇਗਾ।
10. ਇਹ ਕਿ ਸਬੰਧਤ ਨਗਰ ਨਿਗਮ/ਨਗਮ ਕੋਂਸਲੇ ਜਿਲਾ ਜਲੰਧਰ ਇਸ ਮੰਤਵ ਲਈ ਟੀਮ ਸਮੇਤ ਇਕ ਨੋਡਲ ਅਫਸਰ ਦਾ ਗਠਨ ਕਰੇਗਾ। ਇਸ ਟੀਮ ਦੇ ਅਧਿਕਾਰੀ/ਕਰਮਚਾਰੀਆਂ ਦੇ ਨਾਮ ਅਹੁਦੇ ਸਮੇਤ ਮੋਬਾਇਲ ਨੰ. ਮੁਤਾਬਿਕ ਲਿਸਟ ਜਾਰੀ ਕਰੇਗਾ। ਇਸ ਨੁਕਤੇ ਨੂੰ ਲਾਗੂ ਕਰਵਾਉਣ ਦੀ ਜਿੰਮੇਵਾਰੀ ਸ਼ਹਿਰੀ ਖੇਤਰਾਂ ਵਿਚ ਕਮਿਸ਼ਨਰ ਨਗਰ ਨਿਗਮ ਅਤੇ ਡਿਪਟੀ ਡਾਇਰੈਕਟਰ ਸਥਾਨਰ ਸਰਕਾਰ ਦੀ ਕ੍ਰਮਵਾਰ ਉਨ੍ਹਾਂ ਦੇ ਕਾਰਜ ਖੇਤਰ ਵਿਚ ਹੋਵੇਗੀ। ਪਿੰਡਾਂ ਵਿਚ ਇਹ ਨੁਕਤਾ ਡੀ.ਡੀ.ਪੀ.ਓ ਅਤੇ ਸਬੰਧਤ ਬੀ.ਡੀ.ਪੀ.ਓ ਲਾਗੂ ਕਰਵਾਉਣਗੇ।
11. ਇਹ ਕਿ ਸਬੰਧਤ ਨਗਰ ਨਿਗਮ/ਨਗਮ ਕੋਂਸਲ/ਗ੍ਰਾਮ ਪੰਚਾਇਤ ਜਿਲਾ ਜਲੰਧਰ ਵਲੋਂ ਗਠਿਤ ਟੀਮ ਸੰਸਕਾਰ ਲਈ ਲੋੜੀਂਦਾ ਹਰ ਪ੍ਰਕਾਰ ਦਾ ਸਮਾਨ/ਸਮਗਰੀ/ਲਕੜ ਆਦਿ ਵੀ ਮੁਹਇਆ ਕਰਵਾਏਗੀ। ਜੇਕਰ ਪਰਿਵਾਰ ਇਹ ਪ੍ਰਬੰਧ ਖੁਦ ਕਰਨਾ ਚਾਹਵੇ ਤਾਂ ਉਨਾਂ ਨੂੰ ਇਹ ਅਧਿਕਾਰ ਹੋਵੇਗਾ।
12. ਜਿਥੇ-ਜਿਥੇ ਅਜਿਹਾ ਸੰਭਵ ਹੋਵੇ ਕਮਿਸ਼ਨਰ, ਨਗਰ ਨਿਗਮ, ਜਲੰਧਰ/ਕਾਰਸਾਧਕ ਅਫਸਰ, ਨਗਰ ਕੌਂਸਲ, ਸਬੰਧਤ ਨਗਰ ਪੰਚਾਇਤ ਅਤੇ ਮੋਕੇ ਤੇ ਮੋਜੂਦ ਪੈਰਾ ਨੰ. 6 ਅਨੁਸਾਰ ਲਾਸ਼ ਦਾ ਸੰਸਕਾਰ ਕਰਨ ਵਾਲੀ ਕਮੇਟੀ ਇਹ ਕੋਸ਼ਿਸ਼ ਕਰੇਗੀ ਕਿ ਅਜਿਹੇ ਸ਼ਮਸ਼ਾਨ ਘਾਟ ਨੂੰ ਤਰਜੀਹ ਦਿੱਤੀ ਜਾਵੇ ਕਿ ਜਿਥੇ ਇਲੈਕਟ੍ਰਿਕ ਮਸ਼ੀਨ ਜਾਂ ਗੈਸ ਮਸ਼ੀਨ ਦੀ ਸੁਵਿਧਾ ਉਪਲਬਧ ਹੋਵੇ ਉਥੇ ਹੀ ਅੰਤਿਮ ਸੰਸਕਾਰ ਕੀਤਾ ਜਾਵੇ। ਜੇਕਰ ਕਿਸੇ ਨਗਰ ਕੋਂਸਲ ਜਾਂ ਕਿਸੇ ਗ੍ਰਾਮ ਪੰਚਾਇਤ ਵਿੱਚ ਇਲੈਕਟ੍ਰਿਕ ਮਸ਼ੀਨ ਜਾਂ ਗੈਸ ਮਸ਼ੀਨ ਉਪਲਬੱਧ ਨਾ ਹੋਵੇ ਉਥੇ ਲਕੜਾਂ ਰਾਹੀਂ ਸੰਸਕਾਰ ਕੀਤਾ ਜਾ ਸਕਦਾ ਹੈ ਪਰੰਤੂ ਸਿਹਤ ਵਿਭਾਗ ਤੋਂ ਕੋਵਿਡ-19 ਦੇ ਮ੍ਰਿਤਕ ਵਿਅਕਤੀ ਸਬੰਧੀ ਸੰਸਕਾਰ ਕਰਨ ਦੀਆਂ ਸਮੇਂ-ਸਮੇਂ ਤੇ ਜਾਰੀ ਗਾਈਡਲਾਇਨਿਜ ਜਿਨ੍ਹਾਂ ਦਾ ਉਪਰ ਵਿਸਥਾਰ ਦਿੱਤਾ ਜਾ ਚੁੱਕਾ ਹੈ, ਉਨ੍ਹਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।
13. ਕਰੋਨਾ ਪੀੜਤ ਮ੍ਰਿਤਕ ਦੇਹ ਸੰਸਕਾਰ ਲਈ ਸਬੰਧਤ ਉਪ ਮੰਡਲ ਮੈਜਿਸਟਰੇਟ ਨੋਡਲ ਅਫਸਰ ਹੋਣਗੇ ਜੋ ਉਪਰੋਕਤ ਹਦਾਇਤਾਂ ਦੇ ਪੈਰਾ ਨੰ 6 ਵਿੱਚ ਲੜੀ ਨੰ a ਤੋਂ d ਤੱਕ ਦਰਸਾਈਆਂ ਗਠਿਤ ਟੀਮਾਂ ਦੇ ਮੈਂਬਰਾਂ ਅਤੇ ਸਬੰਧਤ ਡੈਜੀਗਨੇਟਡ ਸ਼ਮਸ਼ਾਨ ਘਾਟ ਦੇ ਪ੍ਰਬੰਧਕਾਂ ਨਾਲ ਜਰੂਰੀ ਮੀਟਿੰਗ ਤੁਰੰਤ ਕਰਕੇ ਸਾਰੇ ਪ੍ਰਬੰਧਾਂ ਨੂੰ ਪਹਿਲਾਂ ਤੋਂ ਹੀ ਮੁਕੰਮਲ ਕਰਨਗੇ। ਇਸ ਤੋਂ ਇਲਾਵਾ ਨੋਡਲ ਅਫਸਰ ਉਕਤ ਵਰਨਣ ਟੀਮ ਦੇ ਸਾਰੇ ਹੀ ਮੈਂਬਰਾਂ ਨੂੰ ਭਾਰਤ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ, ਨਵੀਂ ਦਿੱਲੀ ਵੱਲੋਂ ਜਾਰੀ COVID-19 Guidelines on Dead Body Management ਅਤੇ ਪੰਜਾਬ ਸਰਕਾਰਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਪੱਤਰ ਨੰ IDSP/NHM/PB/20/2123-88 ਮਿਤੀ 05.04.2020 ਅਤੇ ਪੰਜਾਬ ਪੁਲਿਸ ਰੂਲਜ 1929 ਦੇ ਸਬ ਪੈਰਾ (6) 25:36 ਵਿਚ ਦਰਸਾਈਆਂ ਤਮਾਮ ਹਦਾਇਤਾਂ/ਗਾਈਡਲਾਈਨਜ਼ ਮੁਤਾਬਿਕ ਕਰੋਨਾ ਵਾਈਰਸ ਪੀੜਤ ਮ੍ਰਿਤਕ ਦੇਹ ਦਾ ਕਿਵੇਂ ਸੰਸਕਾਰ ਕੀਤਾ ਜਾਣਾ ਹੈ, ਦੀ ਪੂਰੀ ਟਰੇਨਿੰਗ ਦੇਣਗੇ ਤਾਂ ਕਿ ਸਰਕਾਰ ਦੀਆਂ ਗਾਈਡਲਾਈਨਜ਼/ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਹੋਣੀ ਯਕੀਨੀ ਹੋ ਸਕੇ।
14. ਇਹ ਕਿ ਭਾਰਤ ਸਰਕਾਰ ਦੇ ਸਿਹਤ ਅਤੇ ਪਰਿਵਾਰ, ਭਲਾਈ ਮੰਤਰਾਲੇ, ਨਵੀਂ ਦਿੱਲੀ ਵੱਲੋਂ ਜਾਰੀ COVID-19 Guidelines on Dead Body Management ਅਤੇ ਪੰਜਾਬ ਸਰਕਾਰਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਪੱਤਰ ਨੰ IDSP/NHM/PB/20/2123-88 ਮਿਤੀ 05.04.2020 ਰਾਂਹੀ ਜਾਰੀ ਕੀਤੀਆਂ ਗਈਆਂ ਗਾਈਡ ਲਾਈਨਜ਼ ਅਤੇ ਹਦਾਇਤਾ ਦੀ ਇੰਨ-ਬਿੰਨ ਪਾਲਣਾ ਹਿੱਤ ਸ਼ਾਮਲ ਹਨ।
15. ਕੇਂਦਰ ਅਤੇ ਰਾਜ ਸਰਕਾਰ ਵਲੋਂ ਕੋਵਿਡ-19 ਨੂੰ ਮਹਾਂਮਾਰੀ ਘੋਸ਼ਿਤ ਕਰਕੇ National Disaster Management Act, 2005 ਨੂੰ Invoke ਕੀਤਾ ਜਾ ਚੁੱਕਾ ਹੈ। ਇਸ ਲਈ National Disaster Management Act, 2005 ਤਹਿਤ ਹੁਕਮ ਦਿੱਤਾ ਜਾਂਦਾ ਹੈ ਕਿ COVID-19 ਨਾਲ ਮ੍ਰਿਤਕ ਕਿਸੇ ਵੀ ਵਿਅਕਤੀ ਦੀ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ ਜਾਂ ਦਫਨ ਕਰਨ ਲਈ ਕਿਸੇ ਵੀ ਸ਼ਮਸ਼ਾਨ ਘਾਟ/ਕਬਰਿਸਤਾਨ ਦੀ ਕਮੇਟੀ ਇਨਕਾਰ ਨਹੀਂ ਕਰ ਸਕੇਗੀ। ਜੇਕਰ ਕਿਸੇ ਪ੍ਰਬੰਧਕ ਜਾਂ ਕਮੇਟੀ ਨੇ ਅਜਿਹਾ ਕਰਨ ਤੋਂ ਇਨਕਾਰ ਕੀਤਾ ਤਾਂ ਨਿਯਮਾਂ ਅਨੁਸਾਰ ਉਸ ਵਿਰੁੱਧ ਕਾਨੂੰਨੀ ਕਾਰਵਾਈ ਆਰੰਭੀ ਜਾਵੇਗੀ। ਮੋਕੇ ਤੇ ਮੋਜੂਦ ਐਗਜੈਕਟਿਵ ਮੈਜਿਸਟਰੇਟ ਨੂੰ ਅੰਤਿਮ ਸੰਸਕਾਰ ਲਈ ਜੇਕਰ ਮੋਕੇ ਤੇ ਸ਼ਮਸ਼ਾਨ ਘਾਟ/ਕਬਰਿਸਤਾਨ ਦੇ ਗੇਟ ਬੰਦ ਹੋਣ ਦੀ ਸੂਰਤ ਵਿੱਚ ਅਤੇ ਪ੍ਰਬੰਧਕ ਕਮੇਟੀ ਸਹਿਯੋਗ ਨਾ ਕਰੇ ਤਾਂ ਗੇਟ ਖੋਲਣ ਜਾਂ ਤਾਲਾ ਤੋੜਨ ਦੇ ਅਧਿਕਾਰ ਦਿੱਤੇ ਜਾਂਦੇ ਹਨ।

ਜਿਲਾ ਮੈਜਿਸਟਰੇਟ,
ਜਲੰਧਰ।

ਦਫਤਰ ਜਿਲਾ ਮੈਜਿਸਟਰੇਟ, ਜਲੰਧਰ
Office of the District Magistrate
Jalandhar (Punjab)

No. ..........................
Date ........................

Phone :0181-2224783(O)
:0181-2459664(R)
Fax: :0181-2224727
Email: dc.jal@punjabmail.gov.in

**ਪਿੱਠ ਅੰਕਣ ਨੰ. 5696-5715 / ਐਮ.ਸੀ.4/ਐਮ.ਏ ਮਿਤੀ- 09.04.2020**

**ਇਸ ਦਾ ਇਕ ਉਤਾਰਾ ਹੇਠ ਦਰਜ** :-

1. **ਮੁੱਖ ਸਕੱਤਰ**, **ਪੰਜਾਬ ਸਰਕਾਰ**, **ਚੰਡੀਗੜ੍ਹ।**
2. **ਪ੍ਰਿੰਸੀਪਲ ਸਕੱਤਰ**, **ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ**, **ਚੰਡੀਗੜ੍ਹ**
3. **ਡਾਇਰੈਕਟਰ**, **ਸਿਹਤ ਤੇ ਪਰਿਵਾਰ ਭਲਾਈ ਵਿਭਾਗ**, **ਪੰਜਾਬ ਨੂੰ ਉਹਨਾਂ ਦੇ ਪੱਤਰ ਨੰ** IDSP/NHM/PB/ 20/2123-88 **ਮਿਤੀ** 05.04.2020 **ਦੇ ਸਬੰਧ ਵਿੱਚ**
4. **ਕਮਿਸ਼ਨਰ**, **ਜਲੰਧਰ ਮੰਡਲ**, **ਜਲੰਧਰ**
5. **ਕਮਿਸ਼ਨਰ ਆਫ ਪੁਲਿਸ**, **ਜਲੰਧਰ**/**ਸੀਨੀਅਰ ਪੁਲਿਸ ਕਪਤਾਨ** (**ਦਿਹਾਤ**), **ਜਲੰਧਰ**
6. **ਸਿਵਲ ਸਰਜਨ**, **ਜਲੰਧਰ**
7. **ਕਮਿਸ਼ਨਰ**, **ਨਗਰ ਨਿਗਮ**/**ਕਾਰਜ ਸਾਧਕ ਅਫਸਰ**, **ਸਮੂਹ ਨਗਰ ਕੌਂਸਲ**/**ਨਗਰ ਪੰਚਾਇਤਾਂ**, **ਜਿਲ੍ਹਾ ਜਲੰਧਰ**
8. **ਡਿਪਟੀ ਡਾਇਰੈਕਟਰ ਸਥਾਨਕ ਸਰਕਾਰਾਂ**, **ਜਲੰਧਰ**
9. **ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ**, **ਜਲੰਧਰ**
10. **ਸਮੂਹ ਉਪ ਮੰਡਲ ਮੈਜਿਸਟਰੇਟ**, **ਜਿਲ੍ਹਾ ਜਲੰਧਰ**
11. **ਸੁਪਰਡੰਟ ਗਰੇਡ**-1, **ਪੀ.ਏ. ਟੂ ਡੀ.ਐਮ.**, **ਸਟੈਨੋ ਟੂ ਏ.ਡੀ.ਐਮ**, **ਸਟੈਨੋ ਟੂ ਏ.ਸੀ**(**ਜ**), **ਸਟੈਨੋ ਟੂ ਏ.ਸੀ**(**ਸ਼ਿ**)

**ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।**

**ਵਾ. ਜਿਲ੍ਹਾ ਮੈਜਿਸਟਰੇਟ**
**ਜਲੰਧਰ।**